# ਪਛਾਣ, ਪਲੇਸਮੈਂਟ ਅਤੇ ਸਮੀਖਿਆ ਕਮੇਟੀ (IPRC) ਪ੍ਰਕਿਰਿਆ ਲਈ ਮਾਪੇ/ਸਰਪ੍ਰਸਤ ਦੀ ਗਾਈਡ

ਇਹ ਮੰਨਦੇ ਹੋਏ ਕਿ ਵਿਦਿਆਰਥੀ ਵੱਖ-ਵੱਖ ਤਰੀਕਿਆਂ ਨਾਲ ਵਿਕਾਸ ਕਰਦੇ ਹਨ ਅਤੇ ਸਿੱਖਦੇ ਹਨ, ਉਹਨਾਂ ਸਾਰੇ ਵਿਦਿਆਰਥੀਆਂ ਲਈ ਖਾਸ ਸਿੱਖਿਆ ਉਪਲਬਧ ਹੈ ਜਿਨ੍ਹਾਂ ਨੂੰ ਆਪਣੀ ਪੂਰੀ ਸਮਰੱਥਾ ਹਾਸਲ ਕਰਨ ਲਈ ਵਾਧੂ ਸਹਾਇਤਾ ਅਤੇ ਸੇਵਾਵਾਂ ਦੀ ਲੋੜ ਹੁੰਦੀ ਹੈ।

York Region District School Board (YRDSB) ਇਹ ਨਿਰਧਾਰਤ ਕਰਨ ਲਈ ਪਰਿਵਾਰਾਂ ਨਾਲ ਕੰਮ ਕਰਦਾ ਹੈ ਕਿ ਸਾਨੂੰ ਆਪਣੇ ਵਿਦਿਆਰਥੀਆਂ ਨੂੰ ਕੀ ਮੁਹੱਈਆ ਕਰਨ ਦੀ ਲੋੜ ਹੈ ਤਾਂ ਜੋ ਉਹ ਸਿੱਖ ਸਕਣ ਅਤੇ ਵਧ-ਫੁੱਲ ਸਕਣ।

ਇਹ ਗਾਈਡ ਦੱਸਦੀ ਹੈ:

- ਪਛਾਣ, ਪਲੇਸਮੈਂਟ ਅਤੇ ਸਮੀਖਿਆ ਕਮੇਟੀ ਤੋਂ ਪਹਿਲਾਂ, ਇਸ ਦੌਰਾਨ ਅਤੇ ਬਾਅਦ ਵਿੱਚ ਕੀ ਹੁੰਦਾ ਹੈ
- ਮਾਪੇ/ਸਰਪ੍ਰਸਤ ਦੇ ਹੱਕ
- ਅਸੀਂ ਸਹੀ ਸਹਾਇਤਾ ਲਾਗੂ ਕਰਨ ਲਈ ਪਰਿਵਾਰਾਂ ਨਾਲ ਕਿਵੇਂ ਕੰਮ ਕਰਦੇ ਹਾਂ
- ਜਦੋਂ ਕਿਸੇ ਵਿਦਿਆਰਥੀ ਦੀ ਪਛਾਣ ਕੀਤੀ ਜਾਂਦੀ ਹੈ ਤਾਂ ਕੀ ਹੁੰਦਾ ਹੈ
- ਅਸੀਂ ਅਜਿਹੇ ਵਿਦਿਆਰਥੀਆਂ ਦੀ ਪਛਾਣ ਕਿਵੇਂ ਕਰਦੇ ਹਾਂ ਜਿਨ੍ਹਾਂ ਨੂੰ ਖਾਸ ਸਿੱਖਿਆ ਸਹਾਇਤਾ ਦੀ ਲੋੜ ਹੁੰਦੀ ਹੈ

## ਰੈਫਰਲ ਪ੍ਰਕਿਰਿਆ

ਇਹ ਗਾਈਡ ਉਨ੍ਹਾਂ ਮਾਪਿਆਂ/ਸਰਪ੍ਰਸਤਾਂ ਦੀ ਸਹਾਇਤਾ ਕਰਨ ਲਈ ਤਿਆਰ ਕੀਤੀ ਗਈ ਹੈ ਜਿਨ੍ਹਾਂ ਨੂੰ ਪਛਾਣ, ਪਲੇਸਮੈਂਟ ਅਤੇ ਸਮੀਖਿਆ ਕਮੇਟੀ ਦੀ ਮੁਲਾਕਾਤ ਵਿੱਚ ਸ਼ਾਮਲ ਹੋਣ ਲਈ ਸੱਦਾ ਮਿਲਿਆ ਹੈ।

ਕਿਰਪਾ ਕਰਕੇ ਵਿਅਕਤੀਗਤ ਪ੍ਰੋਗਰਾਮਾਂ ਦੀ ਲੋੜ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਦੇ ਤਰੀਕੇ ਅਤੇ ਇਸ ਸੱਦੇ ਤੱਕ ਲਿਜਾਣ ਵਾਲੇ ਕਦਮਾਂ ਬਾਰੇ ਹੋਰ ਜਾਣਕਾਰੀ ਲਈ ਆਪਣੇ ਬੱਚੇ ਦੇ ਅਧਿਆਪਕ ਜਾਂ ਪ੍ਰਿੰਸੀਪਲ ਨਾਲ ਗੱਲ ਕਰੋ। ਤੁਸੀਂ ਬੋਰਡ ਦੀ ਵੈੱਬਸਾਈਟ 'ਤੇ ਖਾਸ ਸਿੱਖਿਆ ਪੰਨੇ ਨੂੰ ਵੀ ਦੇਖ ਸਕਦੇ ਹੋ।

## ਪਛਾਣ, ਪਲੇਸਮੈਂਟ ਅਤੇ ਸਮੀਖਿਆ ਕਮੇਟੀ (IPRC) ਕੀ ਹੈ?

IPRC YRDSB ਸਟਾਫ ਦੀ ਇੱਕ ਕਮੇਟੀ ਹੈ ਜੋ:

- ਫੈਸਲਾ ਕਰਦੀ ਹੈ ਕਿ ਕੀ ਕਿਸੇ ਵਿਦਿਆਰਥੀ ਨੂੰ "ਅਸਾਧਾਰਨ" ਵਜੋਂ ਮੰਨਿਆ ਜਾਣਾ ਚਾਹੀਦਾ ਹੈ।
- ਵਿਦਿਆਰਥੀ ਦੀ ਅਸਾਧਾਰਨਤਾ ਦੇ ਖੇਤਰਾਂ ਦੀ ਪਛਾਣ ਕਰਦੀ ਹੈ।
- ਉਚਿਤ ਪਲੇਸਮੈਂਟ 'ਤੇ ਫੈਸਲਾ ਕਰਦੀ ਹੈ।
- ਹਰੇਕ ਸਕੂਲੀ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਪਛਾਣ ਅਤੇ ਪਲੇਸਮੈਂਟ ਦੀ ਸਮੀਖਿਆ ਕਰਦੀ ਹੈ।

*ਇੱਕ **ਅਸਾਧਾਰਨ ਵਿਦਿਆਰਥੀ** ਉਹ ਵਿਦਿਆਰਥੀ ਹੁੰਦਾ ਹੈ ਜਿਸਦਾ ਵਿਵਹਾਰ, ਸੰਚਾਰ, ਬੌਧਿਕ, ਸਰੀਰਕ ਜਾਂ ਕਈ ਅਸਾਧਾਰਨਤਾਵਾਂ ਅਜਿਹੀਆਂ ਹੁੰਦੀਆਂ ਹਨ ਕਿ ਕਮੇਟੀ ਦੁਆਰਾ ਉਹਨਾਂ ਦੀ ਕਿਸੇ ਖਾਸ ਸਿੱਖਿਆ ਪ੍ਰੋਗਰਾਮ ਵਿੱਚ ਪਲੇਸਮੈਂਟ ਦੀ ਲੋੜ ਸਮਝੀ ਜਾਂਦੀ ਹੈ। (ਓਨਟਾਰੀਓ ਵਿੱਚ ਵਿਸ਼ੇਸ਼ ਸਿੱਖਿਆ, p.A2)*

# IPRC ਤੋਂ ਪਹਿਲਾਂ

## IPRC ਸ਼ੁਰੂ ਕਰਨਾ

ਇੱਕ IPRC ਹੋ ਸਕਣ ਦੇ ਦੋ ਤਰੀਕੇ ਹੁੰਦੇ ਹਨ:

### 1. ਸਕੂਲ ਰੈਫਰਲ

ਪ੍ਰਿੰਸੀਪਲ ਤੁਹਾਡੇ ਬੱਚੇ ਨੂੰ ਇੱਕ IPRC ਕੋਲ ਭੇਜ ਸਕਦਾ ਹੈ ਜੇ ਉਹਨਾਂ ਦਾ ਜਾਂ ਤੁਹਾਡੇ ਬੱਚੇ ਦੇ ਅਧਿਆਪਕ ਦਾ ਮੰਨਣਾ ਹੈ ਕਿ ਤੁਹਾਡੇ ਬੱਚੇ ਨੂੰ ਕਿਸੇ ਖਾਸ ਸਿੱਖਿਆ ਪ੍ਰੋਗਰਾਮ ਤੋਂ ਲਾਭ ਮਿਲੇਗਾ। ਤੁਹਾਨੂੰ ਇੱਕ ਲਿਖਤੀ ਨੋਟਿਸ ਮਿਲੇਗਾ।

### 2. ਮਾਪਿਆਂ/ਸਰਪ੍ਰਸਤ ਦੀ ਬੇਨਤੀ

ਤੁਸੀਂ ਵੀ ਪ੍ਰਿੰਸੀਪਲ ਨੂੰ ਆਪਣੇ ਬੱਚੇ ਨੂੰ IPRC ਕੋਲ ਭੇਜਣ ਲਈ ਕਹਿ ਸਕਦੇ ਹੋ। ਬੇਨਤੀ ਲਿਖਤੀ ਰੂਪ ਵਿੱਚ ਕੀਤੀ ਜਾਣੀ ਲਾਜ਼ਮੀ ਹੈ। ਪ੍ਰਿੰਸੀਪਲ ਤੁਹਾਡੀ ਬੇਨਤੀ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ ਤੁਹਾਨੂੰ ਲਿਖਤੀ ਜਵਾਬ ਦੇਵੇਗਾ। ਉਹ ਤੁਹਾਨੂੰ ਦੱਸਣਗੇ ਕਿ IPRC ਦੀ ਮੀਟਿੰਗ ਕਦੋਂ ਹੋਵੇਗੀ।

## ਜਾਣਕਾਰੀ ਸਾਂਝਾ ਕਰਨਾ

IPRC ਮੁਲਾਕਾਤ ਤੋਂ ਪਹਿਲਾਂ:

- ਤੁਹਾਡੇ ਬੱਚੇ ਦੇ ਸਕੂਲ ਵਿੱਚ ਖਾਸ ਸਿੱਖਿਆ ਵਸੀਲਾ ਅਧਿਆਪਕ (SERT) ਤੁਹਾਡੇ ਨਾਲ ਉਹਨਾਂ ਪਲੇਸਮੈਂਟ ਵਿਕਲਪਾਂ ਬਾਰੇ ਚਰਚਾਵਾਂ ਕਰੇਗਾ ਜੋ ਤੁਹਾਡੇ ਬੱਚੇ ਨੂੰ ਲਾਭ ਪਹੁੰਚਾਉਣਗੇ। ਸਕੂਲ ਤੁਹਾਡੇ ਬੱਚੇ ਸੰਬੰਧੀ ਜਾਣਕਾਰੀ ਦਾ ਸੰਖੇਪ-ਸਾਰ ਸਾਂਝਾ ਕਰੇਗਾ, ਜਿਵੇਂ ਕਿ ਮੁਲਾਂਕਣ ਦੇ ਨਤੀਜੇ।
- ਜੇ ਤੁਸੀਂ ਚੋਣ ਕਰਦੇ ਹੋ, ਤਾਂ ਤੁਸੀਂ ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਕੋਈ ਵੀ ਅਜਿਹੀ ਲਿਖਤੀ ਜਾਣਕਾਰੀ ਦੇ ਸਕਦੇ ਹੋ ਜਿਸ ਬਾਰੇ ਤੁਸੀਂ ਚਾਹੁੰਦੇ ਹੋ ਕਿ IPRC ਇਸਦੀ ਸਮੀਖਿਆ ਕਰੇ ਅਤੇ ਇਸ ਉੱਤੇ ਵਿਚਾਰ ਕਰੇ

## ਸੱਦਾ ਪੱਤਰ

ਤੁਹਾਨੂੰ IPRC ਮੁਲਾਕਾਤ ਲਈ ਤੁਹਾਨੂੰ ਸੱਦਾ ਦਿੰਦਾ ਇੱਕ ਪੱਤਰ ਮਿਲੇਗਾ। ਮਾਪੇ/ਸਰਪ੍ਰਸਤ ਤੁਹਾਡੇ ਬੱਚੇ ਦੀ ਪਲੇਸਮੈਂਟ 'ਤੇ ਵਿਚਾਰ ਕਰਨ ਵਿੱਚ ਮਹੱਤਵਪੂਰਨ ਭਾਈਵਾਲ ਹਨ। ਪੱਤਰ:

- ਵਿੱਚ ਮੁਲਾਕਾਤ ਦੀ ਮਿਤੀ, ਸਮਾਂ ਅਤੇ ਸਥਾਨ ਸ਼ਾਮਲ ਹੋਵੇਗਾ।
- ਤੁਹਾਨੂੰ ਪੁੱਛੇਗਾ ਕਿ ਕੀ ਤੁਸੀਂ ਹਾਜ਼ਰ ਹੋਵੋਗੇ।

ਤੁਹਾਨੂੰ ਇਹ ਸੱਦਾ ਪੱਤਰ ਅਤੇ ਇਸ ਗਾਈਡ ਦੀ ਨਕਲ IPRC ਤੋਂ ਘੱਟੋ-ਘੱਟ 10 ਦਿਨ ਪਹਿਲਾਂ ਮਿਲਣਗੇ।

ਜੇ ਤੁਸੀਂ ਮੀਟਿੰਗ ਵਿੱਚ ਨਹੀਂ ਜਾ ਸਕਦੇ ਹੋ:

- ਕੋਈ ਵੱਖਰੀ ਤਾਰੀਖ ਜਾਂ ਸਮੇਂ ਦੀ ਵਿਵਸਥਾ ਕਰਨ ਲਈ ਪ੍ਰਿੰਸੀਪਲ ਨਾਲ ਸੰਪਰਕ ਕਰੋ ਜਾਂ
- ਪ੍ਰਿੰਸੀਪਲ ਨੂੰ ਦੱਸੋ ਕਿ ਤੁਸੀਂ ਹਾਜ਼ਰ ਨਹੀਂ ਹੋ ਸਕਦੇ ਹੋ।

ਜੇ ਤੁਸੀਂ ਮੀਟਿੰਗ ਵਿੱਚ ਨਹੀਂ ਜਾ ਸਕਦੇ ਹੋ, ਅਤੇ ਤੁਹਾਡੀ ਮੌਜੂਦਗੀ ਤੋਂ ਬਿਨਾਂ ਮੀਟਿੰਗ ਦੇ ਅੱਗੇ ਵਧਣ ਦਾ ਸਮਰਥਨ ਕਰਦੇ ਹੋ, ਤਾਂ ਪ੍ਰਿੰਸੀਪਲ ਤੁਹਾਨੂੰ ਪਛਾਣ ਅਤੇ ਪਲੇਸਮੈਂਟ ਸੰਬੰਧੀ IPRC ਦਾ ਫੈਸਲਾ ਭੇਜੇਗਾ। ਤੁਹਾਨੂੰ ਆਪਣੇ ਵਿਚਾਰਨ ਲਈ ਅਤੇ ਦਸਤਖਤ ਲਈ ਲਿਖਤੀ ਰੂਪ ਵਿੱਚ ਇਹ ਜਾਣਕਾਰੀ ਮਿਲੇਗੀ।

# IPRC ਦੇ ਦੌਰਾਨ

## IPRC ਮੀਟਿੰਗ ਵਿੱਚ ਕੌਣ ਹਾਜ਼ਰ ਹੁੰਦਾ ਹੈ?

ਕਮੇਟੀ ਵਿੱਚ ਘੱਟੋ-ਘੱਟ ਤਿੰਨ ਵਿਅਕਤੀ ਹੋਣੇ ਲਾਜ਼ਮੀ ਹਨ।

- ਇਹਨਾਂ ਲੋਕਾਂ ਵਿੱਚੋਂ ਇੱਕ ਪ੍ਰਿੰਸੀਪਲ ਜਾਂ ਬੋਰਡ ਨਿਗਰਾਨੀ ਅਫਸਰ ਹੋਣਾ ਲਾਜ਼ਮੀ ਹੈ। ਉਹ IPRC ਦੇ ਮੁਖੀ ਹੋਣਗੇ।
- ਕਮੇਟੀ ਦੇ ਬਾਕੀ ਦੇ ਦੋ ਮੈਂਬਰ ਬੋਰਡ ਦੇ ਮੁਲਾਜ਼ਮ ਹੁੰਦੇ ਹਨ
- ਮਾਪਿਆਂ/ਸਰਪ੍ਰਸਤਾਂ ਨੂੰ ਹਮੇਸ਼ਾ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।
- ਜਾਂ ਤਾਂ ਤੁਸੀਂ ਜਾਂ ਪ੍ਰਿੰਸੀਪਲ ਹੋਰਾਂ ਨੂੰ ਸ਼ਾਮਲ ਹੋਣ ਲਈ ਕਹਿ ਸਕਦੇ ਹੋ।

ਹਾਜ਼ਰ ਹੋ ਸਕਣ ਵਾਲੇ ਵਾਧੂ ਲੋਕ ਇਹ ਹਨ:

- ਤੁਹਾਡਾ ਬੱਚਾ (ਵਿਦਿਆਰਥੀਆਂ ਦਾ ਉਚਿਤ ਹੋਣ ਅਨੁਸਾਰ ਸ਼ਾਮਲ ਹੋਣ ਲਈ ਸਵਾਗਤ ਹੈ; 16 ਜਾਂ ਇਸ ਤੋਂ ਵੱਧ ਉਮਰ ਦੇ ਵਿਦਿਆਰਥੀ ਚਰਚਾਵਾਂ ਵਿੱਚ ਸ਼ਾਮਲ ਹੋਣ ਅਤੇ ਹਿੱਸਾ ਲੈਣ ਦੇ ਹੱਕਦਾਰ ਹਨ)
- ਤੁਹਾਡੇ ਬੱਚੇ ਦੇ ਸਕੂਲ ਦੇ ਪ੍ਰਿੰਸੀਪਲ
- ਤੁਹਾਡੇ ਬੱਚੇ ਦਾ ਅਧਿਆਪਕ
- ਹੋਰ ਵਸੀਲੇ ਵਾਲੇ ਲੋਕ ਜਿਵੇਂ ਕਿ ਖਾਸ ਸਿੱਖਿਆ ਸਟਾਫ਼, ਬੋਰਡ ਸਹਾਇਤਾ ਸਟਾਫ਼, ਜਾਂ ਕੋਈ ਏਜੰਸੀ ਪ੍ਰਤੀਨਿਧੀ ਜੋ ਹੋਰ ਜਾਣਕਾਰੀ ਜਾਂ ਸਪੱਸ਼ਟੀਕਰਨ ਦੇ ਸਕਦਾ ਹੈ
- ਕੋਈ ਪ੍ਰਤੀਨਿਧੀ ਜੋ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਸਹਾਇਤਾ ਕਰ ਸਕਦਾ ਹੈ
- ਇੱਕ ਦੁਭਾਸ਼ੀਆ, ਜੇ ਲੋੜ ਹੋਵੇ (ਤੁਸੀਂ ਆਪਣੇ ਬੱਚੇ ਦੇ ਸਕੂਲ ਦੇ ਪ੍ਰਿੰਸੀਪਲ ਰਾਹੀਂ ਇੱਕ ਦੁਭਾਸ਼ੀਏ ਦੀਆਂ ਸੇਵਾਵਾਂ ਦੀ ਬੇਨਤੀ ਕਰ ਸਕਦੇ ਹੋ)

## ਮੀਟਿੰਗ ਵਿੱਚ ਕੀ ਹੁੰਦਾ ਹੈ?

1. ਮੁਖੀ ਮੀਟਿੰਗ ਦੀ ਸ਼ੁਰੂਆਤ ਕਰੇਗਾ, ਜਾਣ-ਪਛਾਣ ਕਰੇਗਾ ਅਤੇ ਮੀਟਿੰਗ ਦੇ ਉਦੇਸ਼ ਦੀ ਰੂਪਰੇਖਾ ਦੱਸੇਗਾ। ਤੁਹਾਨੂੰ ਚਰਚਾ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

2. ਕਮੇਟੀ ਇਹ ਕਰੇਗੀ:
    - ਕਿਸੇ ਵੀ ਵਿਦਿਅਕ, ਸਿਹਤ ਜਾਂ ਮਨੋਵਿਗਿਆਨਕ ਮੁਲਾਂਕਣਾਂ ਸਮੇਤ, ਤੁਹਾਡੇ ਬੱਚੇ ਬਾਰੇ ਉਪਲਬਧ ਸਾਰੀ ਜਾਣਕਾਰੀ ਦੀ ਸਮੀਖਿਆ ਕਰੇਗੀ।
    - ਤੁਹਾਡੇ ਬੱਚੇ ਨਾਲ ਗੱਲ ਕਰੇਗੀ ਜੇ ਇਹ ਲਾਭਦਾਇਕ ਹੋਵੇਗਾ। ਜੇ ਤੁਹਾਡਾ ਬੱਚਾ 16 ਸਾਲ ਤੋਂ ਘੱਟ ਉਮਰ ਦਾ ਹੈ ਤਾਂ ਤੁਹਾਡੀ ਰਜ਼ਾਮੰਦੀ ਲੋੜੀਂਦੀ ਹੈ।
    - ਤੁਹਾਡੇ ਜਾਂ ਤੁਹਾਡੇ ਬੱਚੇ (ਜੇ 16 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੈ) ਦੁਆਰਾ ਦਿੱਤੀ ਕਿਸੇ ਵੀ ਜਾਣਕਾਰੀ 'ਤੇ ਵਿਚਾਰ ਕਰੇਗੀ।
    - ਤੁਹਾਡੇ ਬੱਚੇ ਦੇ ਮਜ਼ਬੂਤ ਪੱਖਾਂ ਅਤੇ ਲੋੜਾਂ ਬਾਰੇ ਚਰਚਾ ਕਰੇਗੀ।

3. ਇੱਕ ਵਾਰ ਸਾਰੀ ਜਾਣਕਾਰੀ ਪੇਸ਼ ਕੀਤੇ ਜਾਣ ਅਤੇ ਵਿਚਾਰੇ ਜਾਣ ਤੋਂ ਬਾਅਦ, IPRC ਇਹ ਫੈਸਲਾ ਕਰੇਗੀ:

a) ਕੀ ਤੁਹਾਡੇ ਬੱਚੇ ਨੂੰ ਅਸਾਧਾਰਨ ਵਜੋਂ ਮੰਨਿਆ ਜਾਣਾ ਚਾਹੀਦਾ ਹੈ, ਅਤੇ
b) ਜੇ ਉਹਨਾਂ ਨੂੰ ਅਸਾਧਾਰਨ ਵਜੋਂ ਮੰਨਿਆ ਜਾਂਦਾ ਹੈ ਤਾਂ ਤੁਹਾਡੇ ਬੱਚੇ ਲਈ ਸਭ ਤੋਂ ਢੁਕਵੀਂ "ਪਲੇਸਮੈਂਟ"।

4. IPRC ਫੈਸਲੇ ਦੀ ਸਟੇਟਮੈਂਟ ਤਿਆਰ ਕਰੇਗੀ।

## ਪਛਾਣ

ਜੇ ਤੁਹਾਡੇ ਬੱਚੇ ਦੀ ਪਛਾਣ ਅਸਾਧਾਰਨ ਵਜੋਂ ਕੀਤੀ ਜਾਂਦੀ ਹੈ, ਤਾਂ ਕਮੇਟੀ ਨੂੰ ਸ਼੍ਰੇਣੀ ਅਤੇ ਪਰਿਭਾਸ਼ਾ ਨੂੰ ਦਰਸਾਉਣਾ ਲਾਜ਼ਮੀ ਹੈ।

ਸਿੱਖਿਆ ਮੰਤਰਾਲਾ ਸ਼੍ਰੇਣੀਆਂ ਅਤੇ ਪਰਿਭਾਸ਼ਾਵਾਂ ਦਿੰਦਾ ਹੈ। ਇਹ ਸ਼੍ਰੇਣੀਆਂ ਹਨ:

- **ਵਿਵਹਾਰ**
- **ਸੰਚਾਰ**
  - ਔਟਿਜ਼ਮ
  - ਬੋਲ਼ੇ ਅਤੇ ਉੱਚਾ ਸੁਣਨ ਵਾਲੇ
  - ਭਾਸ਼ਾ ਸੰਬੰਧੀ ਕਮਜ਼ੋਰੀ
  - ਬੋਲਣ ਸੰਬੰਧੀ ਕਮਜ਼ੋਰੀ
  - ਸਿੱਖਣ ਦੀ ਅਯੋਗਤਾ
- **ਬੁੱਧੀਜੀਵੀ**
  - ਵਿਕਾਸ ਸੰਬੰਧੀ ਅਪੰਗਤਾ
  - ਗਿਫਟਿਡਨੈਸ
  - ਹਲਕੀ ਬੌਧਿਕ ਅਪੰਗਤਾ
- **ਸਰੀਰਕ**
  - ਅੰਨ੍ਹਾ ਅਤੇ ਘੱਟ ਨਜ਼ਰ
  - ਸਰੀਰਕ ਅਪੰਗਤਾ
  - 
- **ਕਈ ਅਸਾਧਾਰਨਤਾਵਾਂ**

## ਪਲੇਸਮੈਂਟ

ਜੇ ਤੁਹਾਡੇ ਬੱਚੇ ਦੀ ਪਛਾਣ ਅਸਾਧਾਰਨ ਵਜੋਂ ਕੀਤੀ ਜਾਂਦੀ ਹੈ, ਤਾਂ IPRC ਸਭ ਤੋਂ ਢੁਕਵੀਂ ਪਲੇਸਮੈਂਟ ਦੀ ਪਛਾਣ ਕਰੇਗੀ।

ਇੱਥੇ ਪੰਜ ਪਲੇਸਮੈਂਟ ਵਿਕਲਪ ਦਿੱਤੇ ਗਏ ਹਨ:

- ਅਸਿੱਧੀ ਸਹਾਇਤਾ ਨਾਲ ਨਿਯਮਤ ਕਲਾਸਰੂਮ
- ਵਸੀਲਾ ਸਹਾਇਤਾ ਨਾਲ ਨਿਯਮਤ ਕਲਾਸਰੂਮ
- ਪਿੱਛੇ ਹਟਣ ਸੰਬੰਧੀ ਸਹਾਇਤਾ (Withdrawal Assistance) ਨਾਲ ਨਿਯਮਤ ਕਲਾਸਰੂਮ
- ਅੰਸ਼ਕ ਤੌਰ 'ਤੇ ਏਕੀਕ੍ਰਿਤ ਪਲੇਸਮੈਂਟ
- ਪੂਰੀ ਤਰ੍ਹਾਂ ਸਵੈ-ਨਿਰਭਰ ਖਾਸ ਸਿੱਖਿਆ ਕਲਾਸ

ਪਹਿਲਾਂ, ਕਮੇਟੀ ਤੁਹਾਡੀਆਂ ਇੱਛਾਵਾਂ 'ਤੇ ਅਤੇ ਇਸ ਚੀਜ਼ 'ਤੇ ਵਿਚਾਰ ਕਰੇਗੀ ਕਿ ਕੀ ਉਚਿਤ ਸਹਾਇਤਾ ਨਾਲ ਨਿਯਮਤ ਕਲਾਸ ਵਿੱਚ ਪਲੇਸਮੈਂਟ ਤੁਹਾਡੇ ਬੱਚੇ ਦੀਆਂ ਲੋੜਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਪੂਰਾ ਕਰੇਗੀ। ਤੁਹਾਨੂੰ ਕਮੇਟੀ ਦੇ ਫੈਸਲੇ ਨਾਲ ਸਹਿਮਤ ਜਾਂ ਅਸਹਿਮਤ ਹੋਣ ਦਾ ਮੌਕਾ ਦਿੱਤਾ ਜਾਵੇਗਾ।

ਜਿੱਥੇ ਸੰਭਵ ਹੋਵੇ, ਅਸੀਂ ਵਿਦਿਆਰਥੀ ਨੂੰ ਢੁਕਵੇਂ ਪ੍ਰੋਗਰਾਮ ਅਤੇ ਸੇਵਾ ਸਹਾਇਤਾ ਨਾਲ ਉਹਨਾਂ ਦੇ ਘਰੇਲੂ ਸਕੂਲ ਵਿੱਚ ਰੱਖਦੇ ਹਾਂ।

ਜੇ ਕਿਸੇ ਖਾਸ ਸਿੱਖਿਆ ਕਲਾਸ ਵਿੱਚ ਪਲੇਸਮੈਂਟ ਦਾ ਫੈਸਲਾ ਕੀਤਾ ਜਾਂਦਾ ਹੈ, ਤਾਂ IPRC ਵਾਸਤੇ ਕਾਰਨ ਦੱਸਣਾ ਚਾਹੀਦਾ ਹੈ।

## ਫੈਸਲੇ ਦੀ ਸਟੇਟਮੈਂਟ

IPRC ਫੈਸਲੇ ਦੀ ਸਟੇਟਮੈਂਟ ਤਿਆਰ ਕਰਦੀ ਹੈ। ਇਸ ਵਿੱਚ ਕਮੇਟੀ ਦੇ ਫ਼ੈਸਲਿਆਂ ਅਤੇ ਸਿਫ਼ਾਰਸ਼ਾਂ ਦਾ ਸਾਰ ਸ਼ਾਮਲ ਹੁੰਦਾ ਹੈ, ਜਿਸ ਵਿੱਚ ਸ਼ਾਮਲ ਹਨ:

- ਤੁਹਾਡੇ ਬੱਚੇ ਦੇ ਮਜ਼ਬੂਤ ਪੱਖ ਅਤੇ ਲੋੜਾਂ
- ਕੀ ਤੁਹਾਡੇ ਬੱਚੇ ਦੀ ਪਛਾਣ ਅਸਾਧਾਰਨ ਵਜੋਂ ਕੀਤੀ ਗਈ ਹੈ
- ਅਸਾਧਾਰਨਤਾ/ਅਸਾਧਾਰਨਤਾਵਾਂ ਦੀ ਸ਼੍ਰੇਣੀ ਅਤੇ ਪਰਿਭਾਸ਼ਾ (ਸਿੱਖਿਆ ਮੰਤਰਾਲੇ ਦੇ ਅਨੁਸਾਰ)
- ਪਲੇਸਮੈਂਟ ਦਾ ਫੈਸਲਾ, ਅਤੇ ਕਿਸੇ ਖਾਸ ਸਿੱਖਿਆ ਕਲਾਸ ਵਿੱਚ ਪਲੇਸਮੈਂਟ ਦੇ ਕਾਰਨ ਜੇ ਫੈਸਲਾ ਇਹੀ ਹੈ
- ਖਾਸ ਸਿੱਖਿਆ ਪ੍ਰੋਗਰਾਮ ਅਤੇ ਸੇਵਾਵਾਂ ਲਈ ਸਿਫ਼ਾਰਸ਼ਾਂ

ਤੁਹਾਨੂੰ 'ਹਾਂ' ਜਾਂ 'ਨਹੀਂ' ਦੇ ਨਾਲ ਹਰੇਕ ਬਾਕਸ 'ਤੇ 'ਸਹੀ ਦਾ ਨਿਸ਼ਾਨ' ਲਗਾਉਣ ਰਾਹੀਂ ਇਹ ਪੁੱਛਿਆ ਜਾਵੇਗਾ ਕਿ ਕੀ ਤੁਸੀਂ ਆਪਣੇ ਬੱਚੇ ਦੀ ਪਛਾਣ ਅਤੇ ਪਲੇਸਮੈਂਟ ਦੇ IPRC ਦੇ ਫੈਸਲਿਆਂ ਨਾਲ ਸਹਿਮਤ ਹੋ। ਇਸ 'ਤੇ ਦਸਤਖਤ ਕਰਨਾ ਇਹ ਪੁਸ਼ਟੀ ਕਰਦਾ ਹੈ ਕਿ ਤੁਸੀਂ "ਪਛਾਣ ਅਤੇ ਪਲੇਸਮੈਂਟ" ਦੇ ਫੈਸਲਿਆਂ ਨਾਲ ਸਹਿਮਤ ਹੋ ਜਾਂ ਸਹਿਮਤ ਨਹੀਂ ਹੋ। ਤੁਸੀਂ ਇਹ ਕਰ ਸਕਦੇ ਹੋ:

- IPRC ਮੁਲਾਕਾਤ ਵਿੱਚ ਫੈਸਲੇ ਦੀ ਸਟੇਟਮੈਂਟ 'ਤੇ ਦਸਤਖਤ ਕਰ ਸਕਦੇ ਹੋ, ਜਾਂ
- ਹੋਰ ਵਿਚਾਰਨ ਲਈ ਸਟੇਟਮੈਂਟ ਨੂੰ ਘਰ ਲੈ ਜਾ ਸਕਦੇ ਹੋ ਅਤੇ ਇਸਨੂੰ ਆਪਣੇ ਬੱਚੇ ਦੇ ਪ੍ਰਿੰਸੀਪਲ ਨੂੰ ਵਾਪਸ ਕਰ ਸਕਦੇ ਹੋ

# IPRC ਤੋਂ ਬਾਅਦ

## ਵਿਅਕਤੀਗਤ ਸਿੱਖਿਆ ਯੋਜਨਾ (IEP)

ਜੇ ਤੁਸੀਂ IPRC ਦੇ ਪਛਾਣ ਅਤੇ ਪਲੇਸਮੈਂਟ ਦੇ ਫੈਸਲੇ ਨਾਲ ਸਹਿਮਤ ਹੋ, ਤਾਂ ਅਗਲਾ ਕਦਮ ਇੱਕ ਵਿਅਕਤੀਗਤ ਸਿੱਖਿਆ ਯੋਜਨਾ ਹੈ। ਤੁਹਾਨੂੰ IEP ਵਿੱਚ ਦੱਸੇ ਟੀਚਿਆਂ ਬਾਰੇ ਇਨਪੁਟ ਦੇਣ ਲਈ ਸੱਦਾ ਦਿੱਤਾ ਜਾਵੇਗਾ।

ਇੱਕ **ਵਿਅਕਤੀਗਤ ਸਿੱਖਿਆ ਯੋਜਨਾ** ਇੱਕ ਲਿਖਤੀ ਯੋਜਨਾ ਹੁੰਦੀ ਹੈ। ਇਹ ਵਰਣਨ ਕਰਦੀ ਹੈ:

- ਵਿਦਿਆਰਥੀ ਦੇ ਮਜ਼ਬੂਤ ਪੱਖ ਅਤੇ ਲੋੜਾਂ
- ਵਿਦਿਆਰਥੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਥਾਪਤ ਕੀਤੇ ਗਏ ਖਾਸ ਸਿੱਖਿਆ ਪ੍ਰੋਗਰਾਮ ਅਤੇ ਸੇਵਾਵਾਂ
- ਲੋੜੀਂਦੀਆਂ ਕੋਈ ਵੀ ਅਨੁਕੂਲਤਾਵਾਂ (ਖਾਸ ਪੜ੍ਹਾਈ ਅਤੇ ਮੁਲਾਂਕਣ ਰਣਨੀਤੀਆਂ)
- ਵਿਦਿਆਰਥੀ ਨੂੰ ਸਿੱਖਣ ਅਤੇ ਸਿੱਖਿਆ ਦਾ ਪ੍ਰਦਰਸ਼ਨ ਕਰਨ ਦੇ ਯੋਗ ਬਣਾਉਣ ਲਈ ਲੋੜੀਂਦੇ ਉਪਕਰਨ
- ਲੋੜੀਂਦੀਆਂ ਕੋਈ ਵੀ ਪਾਠਕ੍ਰਮ ਸੋਧਾਂ (ਕਿਸੇ ਵਿਦਿਆਰਥੀ ਦੀਆਂ ਸਿੱਖਣ ਸੰਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਕਿਸੇ ਵਿਸ਼ੇ ਜਾਂ ਕੋਰਸ ਲਈ ਗ੍ਰੇਡ-ਪੱਧਰ ਦੀਆਂ ਉਮੀਦਾਂ ਵਿੱਚ ਤਬਦੀਲੀਆਂ)
- ਪ੍ਰੋਗਰਾਮ ਅਤੇ ਸੇਵਾਵਾਂ ਕਿਵੇਂ ਦਿੱਤੀਆਂ ਜਾਣਗੀਆਂ
- ਵਿਦਿਆਰਥੀ ਦੀ ਤਰੱਕੀ ਅਤੇ ਤਰੱਕੀ ਦੀ ਸਮੀਖਿਆ ਕਰਨ ਦੀ ਯੋਜਨਾ
- ਸਫਲ ਪਰਿਵਰਤਨ ਕਰਨ ਵਿੱਚ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਯੋਜਨਾ

ਤੁਹਾਡੇ ਬੱਚੇ ਨੂੰ ਖਾਸ ਸਿੱਖਿਆ ਪ੍ਰੋਗਰਾਮ ਵਿੱਚ ਲਏ ਜਾਣ ਤੋਂ ਬਾਅਦ 30 ਸਕੂਲੀ ਦਿਨਾਂ ਦੇ ਅੰਦਰ IEP ਨੂੰ ਪੂਰਾ ਕੀਤਾ ਜਾਣਾ ਲਾਜ਼ਮੀ ਹੈ। ਤੁਹਾਨੂੰ ਇਸ ਦੀ ਇੱਕ ਨਕਲ ਮਿਲੇਗੀ।

ਵਿਅਕਤੀਗਤ ਸਿੱਖਿਆ ਯੋਜਨਾਵਾਂ (IEPs) ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਵਿਅਕਤੀਗਤ ਸਿੱਖਿਆ ਯੋਜਨਾ ਦੇਖੋ: ਮਾਪਿਆਂ ਲਈ ਇੱਕ ਗਾਈਡ। ਇਹ ਗਾਈਡ www.yrdsb.ca 'ਤੇ ਜਾਂ ਤੁਹਾਡੇ ਸਕੂਲ ਦਫ਼ਤਰ ਰਾਹੀਂ ਉਪਲਬਧ ਹੈ।

## ਪਛਾਣ ਅਤੇ ਪਲੇਸਮੈਂਟਾਂ ਦੀ ਸਮੀਖਿਆ ਕਿਵੇਂ ਕੀਤੀ ਜਾਂਦੀ ਹੈ?

ਹਰ ਸਕੂਲੀ ਸਾਲ ਇੱਕ ਸਮੀਖਿਆ IPRC ਮੀਟਿੰਗ ਆਯੋਜਿਤ ਕੀਤੀ ਜਾਵੇਗੀ। ਤੁਸੀਂ ਆਪਣੇ ਬੱਚੇ ਦੇ ਤਿੰਨ ਮਹੀਨਿਆਂ ਲਈ ਖਾਸ ਸਿੱਖਿਆ ਪ੍ਰੋਗਰਾਮ ਵਿੱਚ ਰਹਿਣ ਤੋਂ ਬਾਅਦ ਕਿਸੇ ਵੀ ਸਮੇਂ ਸਮੀਖਿਆ ਮੁਲਾਕਾਤ ਦੀ ਬੇਨਤੀ ਕਰ ਸਕਦੇ ਹੋ।

ਸਮੀਖਿਆ IPRC:

- ਅਸਲ ਪਲੇਸਮੈਂਟ ਅਤੇ ਪਛਾਣ ਸੰਬੰਧੀ ਫੈਸਲਿਆਂ ਦੀ ਸਮੀਖਿਆ ਕਰਦੀ ਹੈ
- ਕਿਸੇ ਵੀ ਵਿਦਿਅਕ, ਸਿਹਤ ਜਾਂ ਮਨੋਵਿਗਿਆਨਕ ਮੁਲਾਂਕਣਾਂ ਸਮੇਤ ਤੁਹਾਡੇ ਬੱਚੇ ਬਾਰੇ ਉਪਲਬਧ ਸਾਰੀ ਜਾਣਕਾਰੀ ਦੀ ਸਮੀਖਿਆ ਕਰਦੀ ਹੈ
- ਇਹ ਫੈਸਲਾ ਕਰਦੀ ਹੈ ਕਿ ਕੀ ਉਹਨਾਂ ਨੂੰ ਜਾਰੀ ਰੱਖਣਾ ਚਾਹੀਦਾ ਹੈ ਜਾਂ ਕੀ ਕਿਸੇ ਵੱਖਰੇ ਫੈਸਲੇ ਦੀ ਲੋੜ ਹੈ

**ਜੇ ਤੁਹਾਡਾ ਬੱਚਾ ਕਮਿਊਨਿਟੀ ਕਲਾਸ ਵਿੱਚ ਹੈ ਜਾਂ ਪਛਾਣ ਜਾਂ ਪਲੇਸਮੈਂਟ ਵਿੱਚ ਕੋਈ ਤਬਦੀਲੀ ਹੈ**, ਤਾਂ ਇੱਕ ਰਸਮੀ IPRC ਸਾਲਾਨਾ ਤੌਰ 'ਤੇ ਆਯੋਜਿਤ ਕੀਤੀ ਜਾਵੇਗੀ ਅਤੇ ਤੁਹਾਨੂੰ IPRC ਦਾ ਸੱਦਾ ਪੱਤਰ ਮਿਲੇਗਾ।

**ਜੇ ਤੁਹਾਡਾ ਬੱਚਾ ਕਮਿਊਨਿਟੀ ਕਲਾਸ ਵਿੱਚ ਨਹੀਂ ਹੈ ਅਤੇ ਸਕੂਲ ਮੌਜੂਦਾ ਪਲੇਸਮੈਂਟ ਅਤੇ ਪਛਾਣ ਨੂੰ ਜਾਰੀ ਰੱਖਣ ਦੀ ਸਿਫ਼ਾਰਸ਼ ਕਰਦਾ ਹੈ**, ਤਾਂ ਤੁਹਾਨੂੰ IPRC ਪਛਾਣ ਅਤੇ ਪਲੇਸਮੈਂਟ ਜਾਰੀ ਰੱਖਣ ਦੀ ਪੁਸ਼ਟੀ ਦਾ ਇੱਕ ਪੱਤਰ ਮਿਲੇਗਾ। ਤੁਸੀਂ ਇਹ ਕਰ ਸਕਦੇ ਹੋ:

  - ਰਸਮੀ IPRC ਮੁਲਾਕਾਤ ਲਈ ਬੇਨਤੀ ਕਰ ਸਕਦੇ ਹੋ ਜਾਂ
  - ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਦੀ ਮੌਜੂਦਾ ਪਛਾਣ ਅਤੇ ਪਲੇਸਮੈਂਟ ਸਹੀ ਢੰਗ ਨਾਲ ਚਲ ਰਹੀ ਹੈ ਤਾਂ ਤੁਸੀਂ ਨਾ ਮਿਲਣ ਦਾ ਫੈਸਲਾ ਕਰ ਸਕਦੇ ਹੋ

# ਅਪੀਲ ਦੀ ਪ੍ਰਕਿਰਿਆ

## ਜੇ ਮੈਂ IPRC ਦੇ ਫੈਸਲੇ(ਫੈਸਲਿਆਂ) ਨਾਲ ਸਹਿਮਤ ਨਹੀਂ ਹਾਂ ਤਾਂ ਕੀ ਹੋਵੇਗਾ?

ਤੁਸੀਂ IPRC ਨੂੰ ਦੁਬਾਰਾ ਮਿਲਣ ਲਈ ਕਹਿ ਸਕਦੇ ਹੋ। ਤੁਹਾਡੇ ਲਈ ਅਜਿਹਾ ਅਸਲ IPRC ਫੈਸਲਾ ਪ੍ਰਾਪਤ ਹੋਣ ਤੋਂ ਬਾਅਦ 15 ਦਿਨਾਂ ਦੇ ਅੰਦਰ ਕਰਨਾ ਲਾਜ਼ਮੀ ਹੈ।

ਬੇਨਤੀ ਪ੍ਰਾਪਤ ਹੋਣ ਤੋਂ ਬਾਅਦ ਜਿੰਨਾ ਜਲਦੀ ਸੰਭਵ ਹੋਇਆ ਇੱਕ ਮੀਟਿੰਗ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ, ਤੁਸੀਂ ਕਮੇਟੀ ਨੂੰ ਆਪਣੀਆਂ ਚਿੰਤਾਵਾਂ ਸਮਝਾ ਸਕਦੇ ਹੋ। ਕਮੇਟੀ ਧਿਆਨ ਨਾਲ ਤੁਹਾਨੂੰ ਸੁਣੇਗੀ ਅਤੇ ਤੁਹਾਡੀਆਂ ਚਿੰਤਾਵਾਂ ਦਾ ਹੱਲ ਕਰਨ ਦੀ ਕੋਸ਼ਿਸ਼ ਕਰੇਗੀ। IRPC ਇਹ ਫੈਸਲਾ ਕਰੇਗੀ ਕਿ ਕੀ ਤੁਹਾਡੇ ਮੌਜੂਦ ਹੋਣ ਦੌਰਾਨ ਆਪਣੇ ਫੈਸਲੇ(ਫੈਸਲਿਆਂ) ਨੂੰ ਬਦਲਣਾ ਹੈ ਜਾਂ ਨਹੀਂ। ਜੇ ਤੁਸੀਂ ਅਜੇ ਵੀ ਅਸਹਿਮਤ ਹੋ, ਤਾਂ ਤੁਸੀਂ IPRC ਦੇ ਫੈਸਲੇ(ਆਂ) ਖਿਲਾਫ਼ ਅਪੀਲ ਕਰ ਸਕਦੇ ਹੋ।

## ਮੈਂ IPRC ਦੇ ਫੈਸਲੇ ਦੀ ਅਪੀਲ ਕਿਵੇਂ ਕਰਾਂ?

ਜੇ ਤੁਸੀਂ ਜਾਂ ਤੁਹਾਡਾ ਬੱਚਾ (16 ਜਾਂ ਇਸ ਤੋਂ ਵੱਧ ਉਮਰ ਦਾ) IPRC ਫੈਸਲੇ(ਫੈਸਲਿਆਂ) ਨਾਲ ਅਸਹਿਮਤ ਹੋ, ਤਾਂ ਤੁਸੀਂ ਅਪੀਲ ਦਾ ਇੱਕ ਲਿਖਤੀ ਨੋਟਿਸ ਦਾਇਰ ਕਰ ਸਕਦੇ ਹੋ:

- ਦੂਜੀ IPRC ਮੀਟਿੰਗ ਦਾ ਫੈਸਲਾ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ, ਜਾਂ
- IPRC ਦੇ ਫੈਸਲਿਆਂ ਦੀ ਅਸਲ ਪ੍ਰਾਪਤੀ ਦੇ 30 ਦਿਨਾਂ ਦੇ ਅੰਦਰ

ਤੁਹਾਡੀ ਅਪੀਲ ਦੇ ਨੋਟਿਸ ਵਿੱਚ, ਤੁਸੀਂ ਇਹ ਦੱਸੋਗੇ:

- ਤੁਸੀਂ IPRC ਦੇ ਕਿਹੜੇ ਫੈਸਲਿਆਂ ਲਈ ਅਪੀਲ ਕਰ ਰਹੇ ਹੋ (ਪਛਾਣ ਅਤੇ/ਜਾਂ ਪਲੇਸਮੈਂਟ)
- ਤੁਹਾਡੇ ਕਮੇਟੀ ਨਾਲ ਅਸਹਿਮਤ ਹੋਣ ਦੇ ਕਾਰਨ

ਅਪੀਲ ਦਾ ਲਿਖਤੀ ਨੋਟਿਸ ਇਹਨਾਂ ਨੂੰ ਭੇਜੋ:
*Director/Secretary of the York Region District School Board*
*60 Wellington St. W*
*Aurora, Onatio*
*L4G 3H2*

# ਅਪੀਲ ਬੋਰਡ ਦੇ ਮੈਂਬਰ ਕੌਣ ਹਨ?

ਤੁਹਾਡੀ ਅਪੀਲ ਨੂੰ ਸੁਣਨ ਲਈ ਇੱਕ ਖਾਸ ਸਿੱਖਿਆ ਅਪੀਲ ਬੋਰਡ ਦੀ ਸਥਾਪਨਾ ਕੀਤੀ ਜਾਵੇਗੀ। ਇਸ ਵਿੱਚ ਤਿੰਨ ਮੈਂਬਰ ਹੋਣਗੇ। ਕਿਸੇ ਵੀ ਮੈਂਬਰ ਨੂੰ ਅਪੀਲ ਅਧੀਨ ਚਿੰਤਾਵਾਂ ਬਾਰੇ ਕੋਈ ਜਾਣਕਾਰੀ ਜਾਂ ਸ਼ਮੂਲੀਅਤ ਨਹੀਂ ਹੋਵੇਗੀ। ਕਮੇਟੀ ਵਿੱਚ ਸ਼ਾਮਲ ਹੋਣਗੇ:

- York Region District School Board ਦੁਆਰਾ ਚੁਣਿਆ ਇੱਕ ਮੈਂਬਰ
- ਤੁਹਾਡੇ ਦੁਆਰਾ ਚੁਣਿਆ ਇੱਕ ਮੈਂਬਰ
- ਦੂਜੇ ਦੋ ਮੈਂਬਰਾਂ ਦੁਆਰਾ ਸਾਂਝੇ ਤੌਰ 'ਤੇ ਚੁਣਿਆ ਇੱਕ ਮੁਖੀ, ਜਾਂ ਜੇ ਦੋਵੇਂ ਮੈਂਬਰ ਮੁਖੀ 'ਤੇ ਸਹਿਮਤ ਹੋਣ ਵਿੱਚ ਅਸਮਰੱਥ ਹਨ ਤਾਂ ਸਿੱਖਿਆ ਮੰਤਰਾਲੇ ਦਾ ਢੁਕਵਾਂ ਜ਼ਿਲ੍ਹਾ ਪ੍ਰਬੰਧਕ।

# ਅਪੀਲ ਬੋਰਡ ਕੀ ਕਰਦਾ ਹੈ?

ਜਦੋਂ ਮੁਖੀ ਦੀ ਚੋਣ ਹੋ ਜਾਂਦੀ ਹੈ, ਉਹ ਇੱਕ ਮੁਲਾਕਾਤ ਨਿਯਤ ਕਰਨਗੇ। ਮੁਲਾਕਾਤ ਮੁਖੀ ਚੁਣੇ ਜਾਣ ਤੋਂ ਬਾਅਦ 30 ਦਿਨਾਂ ਦੇ ਅੰਦਰ ਹੋਵੇਗੀ (ਜਦੋਂ ਤੱਕ ਮਾਪੇ ਅਤੇ ਬੋਰਡ ਬਾਅਦ ਦੀ ਮਿਤੀ ਤੱਕ ਲਿਖਤੀ ਸਹਿਮਤੀ ਨਹੀਂ ਦਿੰਦੇ ਹਨ)।

ਇਸ ਮੀਟਿੰਗ ਵਿੱਚ:

- ਅਪੀਲ ਬੋਰਡ IPRC ਦੁਆਰਾ ਸਮੀਖਿਆ ਕੀਤੀ ਸਮੱਗਰੀ ਪ੍ਰਾਪਤ ਕਰੇਗਾ ਅਤੇ ਇਸ ਦੀ ਸਮੀਖਿਆ ਕਰੇਗਾ। ਉਹ ਕਿਸੇ ਵੀ ਅਜਿਹੇ ਵਿਅਕਤੀ ਦੀ ਇੰਟਰਵਿਊ ਕਰ ਸਕਦੇ ਹਨ ਜਿਸ ਕੋਲ ਅਪੀਲ ਅਧੀਨ ਮਾਮਲੇ ਸੰਬੰਧੀ ਜਾਣਕਾਰੀ ਹੈ।
- ਤੁਹਾਨੂੰ ਅਤੇ ਤੁਹਾਡੇ ਬੱਚੇ (16 ਸਾਲ ਜਾਂ ਇਸ ਤੋਂ ਵੱਧ ਉਮਰ ਦਾ) ਨੂੰ ਸਾਰੀਆਂ ਚਰਚਾਵਾਂ ਵਿੱਚ ਸ਼ਾਮਲ ਹੋਣ ਅਤੇ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਵੇਗਾ।

ਮੁਲਾਕਾਤ ਖਤਮ ਹੋਣ ਦੇ ਤਿੰਨ ਦਿਨਾਂ ਦੇ ਅੰਦਰ, ਅਪੀਲ ਬੋਰਡ ਆਪਣੀ ਸਿਫ਼ਾਰਸ਼(ਸ਼ਾਂ) ਦੇਵੇਗਾ। ਇਹ:

- IPRC ਨਾਲ ਸਹਿਮਤ ਹੋ ਸਕਦਾ ਹੈ ਅਤੇ ਇਸ ਫੈਸਲੇ ਨੂੰ ਲਾਗੂ ਕਰਨ ਦੀ ਸਿਫਾਰਸ਼ ਕਰ ਸਕਦਾ ਹੈ, ਜਾਂ
- IPRC ਨਾਲ ਅਸਹਿਮਤ ਹੋ ਸਕਦਾ ਹੈ ਅਤੇ ਤੁਹਾਡੇ ਬੱਚੇ ਦੀ ਪਛਾਣ ਅਤੇ/ਜਾਂ ਪਲੇਸਮੈਂਟ ਬਾਰੇ ਬੋਰਡ ਨੂੰ ਸਿਫਾਰਸ਼ ਕਰ ਸਕਦਾ ਹੈ।

ਅਪੀਲ ਬੋਰਡ ਤੁਹਾਨੂੰ ਅਤੇ York Region District School Board ਨੂੰ ਲਿਖਤੀ ਰੂਪ ਵਿੱਚ ਆਪਣੀਆਂ ਸਿਫ਼ਾਰਸ਼ਾਂ ਅਤੇ ਕਾਰਨਾਂ ਦੀ ਰਿਪੋਰਟ ਦੇਵੇਗਾ।

# ਅਪੀਲ ਬੋਰਡ ਦੀਆਂ ਸਿਫ਼ਾਰਸ਼ਾਂ ਕਿਵੇਂ ਲਾਗੂ ਕੀਤੀਆਂ ਜਾਂਦੀਆਂ ਹਨ?

- York Region District School Board ਇਹ ਫੈਸਲਾ ਕਰੇਗਾ ਕਿ ਸਿਫਾਰਿਸ਼ਾਂ 'ਤੇ ਕੀ ਕਾਰਵਾਈ ਕਰਨੀ ਹੈ। ਉਹ ਅਪੀਲ ਬੋਰਡ ਦੀ ਲਿਖਤੀ ਸਟੇਟਮੈਂਟ ਪ੍ਰਾਪਤ ਕਰਨ ਦੇ 30 ਦਿਨਾਂ ਦੇ ਅੰਦਰ ਫੈਸਲਾ ਕਰਨਗੇ। (ਕਿਰਪਾ ਕਰਕੇ ਨੋਟ ਕਰੋ: ਸਕੂਲ ਬੋਰਡਾਂ ਨੂੰ ਅਪੀਲ ਬੋਰਡ ਦੀ ਸਿਫ਼ਾਰਸ਼ ਦੀ ਪਾਲਣਾ ਕਰਨ ਦੀ ਲੋੜ ਨਹੀਂ ਹੁੰਦੀ ਹੈ)

- ਤੁਸੀਂ York Region District School Board ਦੇ ਫੈਸਲੇ ਨੂੰ ਸਵੀਕਾਰ ਕਰ ਸਕਦੇ ਹੋ। ਜਾਂ, ਤੁਸੀਂ ਟ੍ਰਿਬਿਊਨਲ ਦੇ ਸਕੱਤਰ ਨੂੰ ਲਿਖ ਕੇ ਖਾਸ ਸਿੱਖਿਆ ਟ੍ਰਿਬਿਊਨਲ ਨੂੰ ਅਪੀਲ ਕਰ ਸਕਦੇ ਹੋ। ਟ੍ਰਿਬਿਊਨਲ ਨੂੰ ਅਰਜ਼ੀ ਦੇਣ ਬਾਰੇ ਜਾਣਕਾਰੀ ਅਪੀਲ ਬੋਰਡ ਦੇ ਫੈਸਲੇ ਨਾਲ ਸ਼ਾਮਲ ਕੀਤੀ ਜਾਵੇਗੀ।

# ਖਾਸ ਸਿੱਖਿਆ ਸਲਾਹਕਾਰ ਕੌਂਸਲ

ਓਨਟਾਰੀਓ ਦੇ ਸਿੱਖਿਆ ਐਕਟ ਦੇ ਤਹਿਤ, ਖਾਸ ਸਿੱਖਿਆ ਲੋੜਾਂ ਵਾਲਾ ਹਰ ਵਿਦਿਆਰਥੀ ਆਪਣੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਖਾਸ ਸਿੱਖਿਆ ਪ੍ਰੋਗਰਾਮਾਂ ਅਤੇ ਸੇਵਾਵਾਂ ਦਾ ਹੱਕਦਾਰ ਹੈ। ਯਾਰਕ ਖੇਤਰ ਵਿੱਚ, ਸਾਡੇ ਕੋਲ **ਖਾਸ ਸਿੱਖਿਆ ਸਲਾਹਕਾਰ ਕਮੇਟੀ** (SEAC) ਨਾਮਕ ਬੋਰਡ ਦੀ ਇੱਕ ਕਮੇਟੀ ਹੈ। ਇਹ ਕਮੇਟੀ ਇਹ ਯਕੀਨੀ ਬਣਾਉਣ ਲਈ ਕੰਮ ਕਰਦੀ ਹੈ ਕਿ ਖਾਸ ਸਿੱਖਿਆ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਢੁਕਵੀਆਂ ਵਿਦਿਅਕ ਸੇਵਾਵਾਂ ਮਿਲਦੀਆਂ ਹਨ।
SEAC:

- ਖਾਸ ਸਿੱਖਿਆ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਸਥਾਪਨਾ ਅਤੇ ਤਿਆਰ ਕਰਨ ਬਾਰੇ ਬੋਰਡ ਨੂੰ ਸਿਫ਼ਾਰਿਸ਼ਾਂ ਕਰ ਸਕਦੀ ਹੈ।
- ਉਹਨਾਂ ਮਾਪਿਆਂ/ਸਰਪ੍ਰਸਤਾਂ ਨੂੰ ਜਾਣਕਾਰੀ, ਸਲਾਹ ਅਤੇ ਸਹਾਇਤਾ ਦਿੰਦੀ ਹੈ ਜਿਨ੍ਹਾਂ ਦੇ ਬੱਚਿਆਂ ਨੂੰ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ।

**ਤੁਹਾਨੂੰ ਸੱਦਾ ਦਿੱਤਾ ਜਾਂਦਾ ਹੈ।** ਸਾਰੇ ਦਿਲਚਸਪੀ ਰੱਖਣ ਵਾਲੇ ਭਾਈਚਾਰੇ ਦੇ ਨਿਵਾਸੀਆਂ ਦਾ ਸਾਡੀ ਖਾਸ ਸਿੱਖਿਆ ਸਲਾਹਕਾਰ ਕਮੇਟੀ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋਣ ਅਤੇ ਦੇਖਣ ਲਈ ਸਵਾਗਤ ਹੈ। ਤੁਸੀਂ ਮੀਟਿੰਗ ਦੀ ਸਮਾਂ-ਸਾਰਣੀ ਬੋਰਡ ਦੀ ਵੈੱਬਸਾਈਟ www.yrdsb.ca 'ਤੇ ਦੇਖ ਸਕਦੇ ਹੋ।

# ਕਿਹੜੇ ਸੰਗਠਨ ਪਰਿਵਾਰਾਂ ਦੀ ਮਦਦ ਕਰ ਸਕਦੇ ਹਨ?

ਬਹੁਤ ਸਾਰੇ ਸੰਗਠਨ ਖਾਸ ਸਿੱਖਿਆ ਲੋੜਾਂ ਵਾਲੇ ਬੱਚਿਆਂ ਦੇ ਪਰਿਵਾਰਾਂ ਨੂੰ ਜਾਣਕਾਰੀ ਅਤੇ ਸਹਾਇਤਾ ਦਿੰਦੇ ਹਨ। ਉਦਾਹਰਨ ਲਈ, ਨਿਮਨਲਿਖਿਤ ਸਮੂਹ ਖਾਸ ਸਿੱਖਿਆ ਸਲਾਹਕਾਰ ਕਮੇਟੀ ਦਾ ਹਿੱਸਾ ਹਨ।

| | |
|---|---|
| **Association for Bright Children - York Region North**<br>(416) 925-6136<br>abcinfo@abcontario.ca<br>www.abcontario.ca | **Down Syndrome Society of Ontario**<br>(416) 410-3696, 1-800-649-3639<br>info@dsayr.ca<br>www.dsayr.ca |
| **Association for Bright Children - York Region South**<br>(416) 925-6136<br>abcinfo@abcontario.ca<br>www.abcontario.ca | **Early Intervention Services of York Region**<br>1-888-703-5437<br>www.york.ca/support/childrens-services/children-special-needs |
| **Autism Ontario Central East Region**<br>(416) 246-9592 extension 270, york@autismontario.com<br>www.autismontario.com/region/central-east | **Easter Seals Ontario**<br>(416) 421-8377 ਜਾਂ 1-800-668-6252<br>info@easterseals.org<br>www.easterseals.org |
| **Children's Treatment Network of Simcoe York (CTN)**<br>(905) 954-4011, 1-877-719-4795,<br>www.ctnsy.ca | **Learning Disabilities Association of York Region**<br>(905) 884-7933<br>info@ldayr.org<br>https://ldayr.org/ |

| | |
|---|---|
| **Community Living Central York**<br>(905) 898-3000<br>clnad@clnad.com<br>https://clcy.ca | **Ontario Parents of Visually Impaired Children (OPVIC)**<br>(519) -616-4397<br>tmmorra@rogers.com<br>https://opvic.ca |
| **Community Living Georgina**<br>(905) 722-8947<br>admin@communitylivinggeorgina.com<br>www.communitylivinggeorgina.com | **VOICE for Deaf and Hard of Hearing Children**<br>(416) 487-7719<br>admin@voicefordeafkids.com<br>www.voicefordeafkids.com |
| **Community Living York South**<br>(905) 884-9110<br>info@communitylivingyorksouth.ca<br>www.communitylivingyorksouth.ca | **York Support Services Network**<br>1-866-275-9776, (905) 898-6455<br>contact@yssn.ca<br>www.yssn.ca |

## ਸਿੱਖਿਆ ਮੰਤਰਾਲਾ ਸੂਬਾਈ ਅਤੇ ਪ੍ਰਦਰਸ਼ਨ ਸਕੂਲ

ਸਿੱਖਿਆ ਮੰਤਰਾਲਾ ਅਜਿਹੇ ਵਿਦਿਆਰਥੀਆਂ ਲਈ ਜੋ ਬੋਲ਼ੇ ਜਾਂ ਉੱਚਾ ਸੁਣਦੇ ਹਨ, ਅੰਨ੍ਹੇ ਜਾਂ ਘੱਟ ਨਜ਼ਰ ਵਾਲੇ ਹਨ, ਬੋਲੇ-ਅੰਨ੍ਹੇ, ਅਤੇ/ਜਾਂ ਸਿੱਖਣ ਸੰਬੰਧੀ ਗੰਭੀਰ ਅਪੰਗਤਾਵਾਂ ਵਾਲੇ ਹਨ, ਅਤੇ ਅਟੈਂਸ਼ਨ ਡੈਫੀਸਿਟ ਹਾਈਪਰਐਕਟੀਵਿਟੀ ਡਿਸਆਰਡਰ (ADHD) ਵਾਲੇ ਵਿਦਿਆਰਥੀਆਂ ਲਈ ਸੂਬਾਈ ਅਤੇ ਪ੍ਰਦਰਸ਼ਨ ਸਕੂਲ ਚਲਾਉਂਦਾ ਹੈ। ਰੋਜ਼ਾਨਾ ਸਫ਼ਰ ਕਰਨ ਵਾਲੇ ਸਕੂਲ ਤੋਂ ਬਹੁਤ ਦੂਰ ਰਹਿੰਦੇ ਵਿਦਿਆਰਥੀਆਂ ਲਈ ਸੋਮਵਾਰ ਤੋਂ ਸ਼ੁੱਕਰਵਾਰ ਨੂੰ ਸਕੂਲਾਂ ਵਿੱਚ ਰਿਹਾਇਸ਼ੀ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਿੱਖਿਆ ਮੰਤਰਾਲੇ ਦੀ ਵੈੱਬਸਾਈਟ ਵੇਖੋ।

## ਸਿੱਖਣ ਸੰਬੰਧੀ ਗੰਭੀਰ ਅਪੰਗਤਾਵਾਂ ਵਾਲੇ ਵਿਦਿਆਰਥੀਆਂ ਲਈ ਅੰਗਰੇਜ਼ੀ-ਭਾਸ਼ਾ ਪ੍ਰਦਰਸ਼ਨ ਸਕੂਲ

Amethyst School
1515 Cheapside Street
London, ON N5V 3N9
ਟੈਲੀ: 519-453-4408

Sagonaska School
350 Dundas Street West
Belleville, ON K8P 1B2
ਟੈਲੀ: 613-967-2830

Trillium School
347 Ontario Street South
Milton, ON L9T 3X9
ਟੈਲੀ: 905-878-8428

## Provincial Schools for the Deaf

Ernest C. Drury School
255 Ontario Street South
Milton, ON L9T 2M5
ਟੈਲੀ: 905-878-2851

TTY: 905-878-7195

Robarts School
1515 Cheapside Street
London, ON N5V 3N9
ਟੈਲੀ: 519-453-4400
TTY: 519-453-4400

Sir James Whitney School
350 Dundas Street West
Belleville, ON K8P 1B2
ਟੈਲੀ: 613-967-2823 ਜਾਂ 1-800-501-6240
TTY: 613-967-2823

### Provincial School for the Blind and Deafblind

W. Ross Macdonald School
350 Brant Avenue
Brantford, ON N3T 3J9
ਟੈਲੀ: 519-759-0730 ਜਾਂ 1-866-618-9092

## ਅੰਨ੍ਹੇ ਵਿਦਿਆਰਥੀਆਂ ਲਈ ਫ੍ਰੈਂਚ-ਭਾਸ਼ਾ ਸੂਬਾਈ ਸਕੂਲ ਅਤੇ ਸਿੱਖਣ ਸੰਬੰਧੀ ਗੰਭੀਰ ਅਪੰਗਤਾਵਾਂ ਵਾਲੇ ਵਿਦਿਆਰਥੀਆਂ ਲਈ ਪ੍ਰਦਰਸ਼ਨ ਸਕੂਲ

Centre Jules-Léger
281 Lanark Avenue
Ottawa, ON K1Z 6R8
ਟੈਲੀ: 613-761-9300 TTY: 613-761-9302

# ਖਾਸ ਸਿੱਖਿਆ ਬਾਰੇ ਵਧੇਰੇ ਜਾਣਕਾਰੀ ਲਈ

ਖਾਸ ਸਿੱਖਿਆ ਸੇਵਾਵਾਂ ਅਤੇ ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਲਈ, ਤੁਸੀਂ ਆਪਣੇ ਸਥਾਨਕ ਸਕੂਲ ਵਿਖੇ ਜਾਂ ਇਹਨਾਂ ਨਾਲ ਸੰਪਰਕ ਕਰਕੇ ਬੋਰਡ ਦੀ ਵੈੱਬਸਾਈਟwww.yrdsb.ca'ਤੇ ਆਨਲਾਈਨ ਉਪਲਬਧ ਬੋਰਡ ਦੀ ਖਾਸ ਸਿੱਖਿਆ ਯੋਜਨਾਦੀ ਸਮੀਖਿਆ ਕਰ ਸਕਦੇ ਹੋ:

- ਤੁਹਾਡੇ ਬੱਚੇ ਦੇ ਸਕੂਲ ਦੇ ਪ੍ਰਿੰਸੀਪਲ
- ਤੁਹਾਡੇ ਸਕੂਲਾਂ ਦੇ ਸੁਪਰਡੈਂਟ
- 905-727-0022 ext. 3235 ਜਾਂSpecial.Ed@yrdsb.ca 'ਤੇ ਵਿਦਿਆਰਥੀ ਸੇਵਾਵਾਂਵਿਭਾਗ